ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 2 ਸ਼ਾਖਾ)

**ਹੁਕਮ**

ਸਿੱਖਿਆ ਵਿਭਾਗ ਦੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਪਦ ਉਨਤੀਆਂ ਕਰਨ ਲਈ ਮਿਤੀ 06.05.2015 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ। ਮਈ, 2012 ਦੌਰਾਨ ਮਾਸਟਰ/ਮਿਸਟ੍ਰੈਸ ਤੋਂ ਲੈਕਚਰਾਰਾਂ ਦੀਆਂ ਪੱਦ-ਉਨਤੀਆਂ ਕਰਨ ਉਪਰੰਤ ਮਾਸਟਰ/ਮਿਸਟ੍ਰੈਸ ਦੀ ਸੀਨੀਆਰਤਾ ਸਬੰਧੀ ਹੋਏ ਕੋਰਟ ਕੇਸਾਂ ਦੇ ਮੱਦੇ ਨਜਰ ਸਤੰਬਰ, 2013 ਵਿੱਚ ਰੀਵਿਓ ਡੀ.ਪੀ.ਸੀ. ਦੀ ਮੀਟਿੰਗ ਹੋਈ ਸੀ, ਰੀਵਿਓ ਡੀ.ਪੀ.ਸੀ. ਦੌਰਾਨ ਲੈਫਟ ਆਊਟ ਕੇਸਾਂ ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 06.05.2015 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਲੈਕਚਰਾਰ ਦੀ ਪੱਦ ਉਨੱਤੀ ਲਈ ਯੋਗ ਪਾਇਆ ਗਿਆ।

2. ਇਸ ਲਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾ ਦੇ ਸਨਮੁੱਖ ਅਤੇ ਮਾਸਟਰ ਕਾਡਰ ਦੀ ਸੀਨੀਆਰਤਾ ਪੰਜਾਬ ਸਟੇਟ ਐਜੂਕੇਸ਼ਨ ਕਲਾਸ 3 (ਸਕੂਲ ਕਾਡਰ) ਸਰਵਿਸ ਰੂਲ 1978 ਦੇ ਰੂਲ 11 ਰੈਡ ਵਿਦ ਰੂਲ-8 ਆਫ ਪੰਜਾਬ ਸਿਵਲ ਸੇਵਾਵਾਂ (ਜਨਰਲ ਐਂਡ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲ 1994 ਦੇ ਉਪਬੰਧਾ ਅਨੁਸਾਰ ਨਿਰਧਾਰਤ ਕਰਨ ਹਿੱਤ ਸ੍ਰੀ ਸੰਜੀਵ ਕੁਮਾਰ, ਸਾਇੰਸ ਮਾਸਟਰ, ਸਸਸਸ, ਕੋਟ ਸੰਤੋਖ ਰਾਏ ਜਿਲ੍ਹਾ ਗੁਰਦਾਸਪੁਰ ਦੀ ਨੋਸ਼ਨਲੀ ਤਰੱਕੀ ਮਈ, 2012 ਤੋਂ ਬਤੌਰ ਲੈਕਚਰਾਰ ਬਾਇਓ ਕਰਨ ਦੀ ਸਹਿਮਤੀ ਦਿੱਤੀ ਹੈ।

3. ਉਪਰੋਕਤ ਦੇ ਸਨਮੁੱਖ ਸ੍ਰੀ ਸੰਜੀਵ ਕੁਮਾਰ, ਸਾਇੰਸ ਮਾਸਟਰ, ਸਸਸਸ, ਕੋਟ ਸੰਤੋਖ ਰਾਏ ਜਿਲ੍ਹਾ ਗੁਰਦਾਸਪੁਰ ਨੂੰ ਬਤੌਰ ਲੈਕਚਰਾਰ ਬਾਇਓ ਤਨਖਾਹ ਸਕੇਲ 10300-34800+5400 (ਪੇ ਸਕੇਲ) ਵਿੱਚ ਮਈ 2012 ਤੋਂ ਨੋਸ਼ਨਲ ਤੌਰ ਤੇ ਪੱਦ ਉੱਨਤ ਕੀਤਾ ਜਾਂਦਾ ਹੈ।

4. ਸ੍ਰੀ ਸੰਜੀਵ ਕੁਮਾਰ, ਸਾਇੰਸ ਮਾਸਟਰ, ਸਸਸਸ, ਕੋਟ ਸੰਤੋਖ ਰਾਏ ਜਿਲ੍ਹਾ ਗੁਰਦਾਸਪੁਰ ਦੀ ਬਤੌਰ ਲੈਕਚਰਾਰ ਬਾਇਓ ਪੱਦਉੱਨਤੀ ਕਰਨ ਉਪਰੰਤ ਇਸਦੀ ਪੋਸਟਿੰਗ ਸਸਸਸ, ਡੇਰਾ ਬਾਬਾ ਨਾਨਕ ਜਿਲ੍ਹਾ ਗੁਰਦਾਸਪੁਰ ਵਿਖੇ ਖਾਲੀ ਥਾਂ ਤੇ ਕੀਤੀ ਜਾਂਦੀ ਹੈ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਕਰਮਚਾਰੀ/ਕਰਮਚਾਰਨ ਦੁਆਰਾ ਇਕ ਹਫਤੇ ਦੇ ਅੰਦਰ ਅੰਦਰ ਆਪਣੇ ਤਾਇਨਾਤੀ ਦੇ ਸਥਾਨ ਤੇ ਜੁਆਇਨ ਕਰਨਾ ਯਕੀਨੀ ਬਣਾਇਆ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਨੂੰ ਅਗਲੇ ਦੋ ਸਾਲ ਲਈ ਪਦ-ਉਨਤੀ ਤੋਂ ਡੀ-ਬਾਰ ਸਮਝਿਆ ਜਾਵੇਗਾ।

**ਮਿਤੀ, ਚੰਡੀਗੜ੍ਹ:**
**08-05-2015**

**ਸੀ. ਰਾਉਲ, ਆਈ.ਏ.ਐਸ,**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ।**

ਪਿ:ਅੰ:ਨੰ: 12/44/2013-5ਸਿ2/(ਈ74)/481660/1 ਮਿਤੀ, ਚੰਡੀਗੜ੍ਹ: 8-5-2015 11-5-15

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ ਨੂੰ ਬੇਨਤੀ ਹੈ ਕਿ ਉਪਰੋਕਤ ਹੁਕਮਾਂ ਨੂੰ ਸਿੱਖਿਆ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।

16073 14/5/15

2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ 8 ਮੋਹਾਲੀ।

3. ਮੰਡਲ ਸਿੱਖਿਆ ਅਫਸਰ, ਜਲੰਧਰ ।

4. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਗੁਰਦਾਸਪੁਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਰਮਚਾਰੀ ਦੀ ਹਾਜਰੀ ਰਿਪੋਰਟ ਡੀ.ਪੀ.ਆਈ.(ਸੈ.ਸਿ.) ਪੰਜਾਬ ਅਤੇ ਸਰਕਾਰ ਨੂੰ ਭੇਜੀ ਜਾਵੇ।

<u>ਰਜਿਸਟਰਡ</u> 5. ਸ੍ਰੀ ਸੰਜੀਵ ਕੁਮਾਰ, ਸਾਇੰਸ ਮਾਸਟਰ, ਸਸਸਸ, ਕੋਟ ਸੰਤੋਖ ਰਾਏ ਜਿਲ੍ਹਾ ਗੁਰਦਾਸਪੁਰ।

ਸੁਪਰਡੰਟ

ਅੰਦਰੂਨੀ ਵੰਡ ਅਧੀਨ:-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ ਜੀ।
2. ਨਿੱਜੀ ਸਕੱਤਰ/ਪ੍ਰਸਸਸਿ
3. ਪੀ.ਏ/ਵਿਸਸਸਿ
4. ਰਿਕਾਰਡਰ/ਸਿਖਿਆ-2 ਸਾਖਾ